Roll No. : ........................................

Total No. of Questions : **3** ]                                        [ Total No. of Printed Pages : **4**

# SLA–204

## B.A. III Due of B.A. Part-II (Supplementary) Examination, 2022

## PUNJABI

Paper – I

*Time : 1½ Hours* ]                                        [ *Maximum Marks : **100***

**Section–A** **(Marks : 2 × 10 = 20)**

***Note*** :– Answer all *ten* questions (Answer limit **50** words). Each question carries **2** marks.

**(खण्ड–अ)** **(अंक : 2 × 10 = 20)**

**नोट** :– सभी **दस** प्रश्नों के उत्तर दीजिए (उत्तर-सीमा **50** शब्द)। प्रत्येक प्रश्न **2** अंक का है।

**Section–B** **(Marks : 8 × 5 = 40)**

***Note*** :– Answer any *five* questions out of seven (Answer limit **200** words). Each question carries **8** marks.

**(खण्ड–ब)** **(अंक : 8 × 5 = 40)**

**नोट** :– सात में से किन्हीं **पाँच** प्रश्नों के उत्तर दीजिए (उत्तर-सीमा **200** शब्द)। प्रत्येक प्रश्न **8** अंक का है।

**Section–C** **(Marks : 20 × 2 = 40)**

***Note*** :– Answer any *two* questions out of four (Answer limit **500** words). Each question carries **20** marks.

**(खण्ड–स)** **(अंक : 20 × 2 = 40)**

**नोट** :– चार में से किन्हीं **दो** प्रश्नों के उत्तर दीजिए (उत्तर-सीमा **500** शब्द)। प्रत्येक प्रश्न **20** अंक का है।

## ਭਾਗ–ੳ

1. ਹੇਠ ਲਿਖੇ ਸਾਰੇ ਪ੍ਰਸ਼ਨਾਂ ਨੂੰ ਹੱਲ ਕਰੋ। ਪ੍ਰਸ਼ਨ ਦਾ ਉੱਤਰ 50 ਸ਼ਬਦ ਵਿੱਚ ਲਿਖੋ। ਹਰੇਕ ਪ੍ਰਸ਼ਨ 2 ਅੰਕ ਦਾ ਹੈ।

   (ੳ) ਹੀਰ ਕੌਣ ਸੀ ? ਉਸ ਦੇ ਪਿਤਾ ਦਾ ਕੀ ਨਾਂ ਸੀ ?

   (ਅ) ਪਾਇਆ ਹੈ ਕਿਛ ਪਾਇਆ ਹੈ, ਕਿਸਦੀ ਰਚਨਾ ਹੈ ?

   (ੲ) ਵਜੀਦ ਜੀ ਅਨੁਸਾਰ ਕਿਸ ਅੱਗੇ ਕਿਸੇ ਦਾ ਜ਼ੋਰ ਨਹੀ ਚਲਦਾ ?

   (ਸ) ਬੁੱਲ੍ਹੇ ਸ਼ਾਹ ਦੇ ਗੁਰੂ ਦਾ ਕੀ ਨਾਂ ਸੀ ?

   (ਹ) ਲੰਡਨ ਦਾ ਕਿਹੜਾ ਦਰਿਆ ਮਸ਼ਹੂਰ ਹੈ ?

   (ਕ) ਦਰਦੀ ਨੂੰ ਏਅਰਪੋਰਟ ਤੋਂ ਲੈਣ ਕੌਣ ਆਇਆ ?

   (ਖ) ਗੁਲਬਾਨੋ ਕਿਸਦੀ ਰਚਨਾ ਹੈ ?

   (ਗ) ਬੰਗਲੇ 'ਤੇ ਕਿਸਦਾ ਪਹਿਰਾ ਸੀ ?

   (ਘ) ਚੇਤਨਾ ਕਿਹੋ ਜਿਹੀ ਕੁੜੀ ਸੀ ?

   (ਙ) ਛੁੱਟੀ ਆਂਉਂਦੇ ਮਾਨ ਸਿੰਘ ਨੂੰ ਕਰਮ ਸਿੰਘ ਨੇ ਕੀ ਕਿਹਾ ? 10×2=20

## ਭਾਗ–ਅ

2. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਦਿਉ। ਹਰੇਕ ਪ੍ਰਸ਼ਨ 8 ਅੰਕ ਦਾ ਹੈ।

   (ੳ) ਵਜੀਦਾ ਕੌਣ ਸਾਹਿਬ ਨੂੰ ਆਖੇ ਇੰਝ ਨਹੀ ਇੰਝ ਕਰ ਕਵਿਤਾ ਦਾ ਵਿਸ਼ਾ ਵਸਤੂ ਲਿਖੋ।

   (ਅ) ਹੇਠ ਲਿਖੀਆਂ ਕਾਵਿ ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

   ਕੇਚਮ ਸ਼ਹਿਰ ਗਏ ਕਰਵਾਨੀ, ਹੋਤ ਅਲੀ ਦਰਬਾਰੇ।।
   ਰੋ-ਰੋ ਕੂਕ ਸੁਣਾਵਣ ਹਾਲਤ, ਜਾਏ ਬਲੋਚ ਪੁਕਾਰੇ।

ਸ਼ਹਿਰ ਭੰਬੋਰ ਬਲੋਚ ਸੱਸੀ ਨੇ, ਕੇਦੇ ਕੀਤੇ ਵਲ ਸਾਰੇ।

ਹਾਸ਼ਮ ਬਾਝ ਪੁੰਨੂੰ ਨਹੀ ਛੁੱਟਦੇ, ਕੈਦ ਰਹਿਣ ਜੁਗ ਚਾਰੇ।

(ੲ) ਹੇਠ ਲਿਖੀ ਕਾਵਿ ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,

ਦੋਵੇ ਪਾਤਸ਼ਾਹੀ ਫੌਜਾਂ ਭਾਰੀਆਂ ਨੀ।

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,

ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।

ਘੋੜੇ, ਆਦਮੀ ਗੋਲੀਆਂ ਨਾਲ ਉੱਡਣ,

ਹਾਥੀ ਡਿਗਦੇ ਸਣ ਅੰਬਾਰੀਆਂ ਨੀ।

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ

ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

(ਸ) ਇਸਤਰੀਆਂ ਦੀ ਆਜ਼ਾਦੀ ਤੇ ਖੁੱਲ੍ਹ ਕਾਂਡ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

(ਹ) ਹੇਠ ਲਿਖੀਆਂ ਵਾਰਤਾਲਾਪ ਟੁਕੜੀਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(i) ''ਪਿਲਸਣ ਦਾ ਪੁੱਤ ਬੜੇ ਹੋਏ ਦੀ ਜਾਕੇ ਹੋਊ ਪਿਛੋ ਘਰ ਦਾ ਕੀ ਬਣੂ ? ਮੈ ਤਾਂ ਨਦੀ ਕਿਨਾਰੇ ਰੁੱਖੜਾ ਹਾਂ ਜਾਂ ਨੂੰ ਬਸੰਤ ਕੋਰ ਨੂੰ ਨਾਲਣੀ ਲੈ ਜਾ।''

(ii) ਉਹਦੀ ਜਿੰਦ ਦੇ ਸੱਖਣੇ ਵਿਹੜੇ ਵਿੱਚ ਇੱਕ ਬੂਟਾ ਉੱਗਿਆ ਤੇ ਉਹ ਵੀ ਚੰਨਣ ਦਾ, ਤੇ ਉਹਦੇ ਸਾਰੇ ਖੁਸ਼ਬੂ ਤੋਂ ਖਾਲੀ ਜੀਵਨ ਵਿੱਚ ਮਹਿਕ ਹੀ ਮਹਿਕ ਭਰ ਗਈ। ਉਹਦੇ ਹੁਸਨ ਦੀ ਸਿੱਧ ਵਿੱਚ ਇੱਕ ਕਵੀ ਵਸੀ ਤੇ ਇਸ਼ਕ ਦਾ ਸੁੱਚਾ ਸੋਤੀ ਬਣ ਗਈ।

(ਕ) ਚੇਤਨਾ ਦੇ ਸੁਭਾਅ ਬਾਰੇ ਜਾਣਕਾਰੀ ਦਿਉ।

(ਖ) ਕਰਮ ਸਿੰਘ ਦੇ ਸੁਭਾਅ ਬਾਰੇ ਜਾਣਕਾਰੀ ਦਿਉ। 8×5=40

## ਭਾਗ-ੲ

3. ਹੇਠ ਲਿਖੇ ਪ੍ਰਸ਼ਨਾਂ ਵਿੱਚੋ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਉ ਪ੍ਰਸ਼ਨ ਦਾ ਉੱਤਰ 500 ਸ਼ਬਦਾਂ ਵਿੱਚ ਹੋਵੇ। ਹਰੇਕ ਪ੍ਰਸ਼ਨ 20 ਅੰਕ ਦਾ ਹੈ।

   (ੳ) ਹਾਸ਼ਮ ਦੀ ਰਚਨਾ 'ਸੱਸੀ ਪੁੰਨੂੰ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

   (ਅ) ਸੱਜਣ ਸਸ਼ੰਦਰੋਂ ਪਾਰ ਦੇ ਸਫ਼ਰਨਾਮੇ ਵਿੱਚ ਲੇਖਕ ਦਰਦੀ ਇੰਗਲੈਂਡ ਦੇ ਭੂਗੋਲਿਕ ਖਿੱਤੇ ਅਤੇ ਪੌਣ-ਪਾਣੀ ਬਾਰੇ ਜੋ ਜਾਣਕਾਰੀ ਦਿੰਦਾ ਹੈ। ਉਸਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

   (ੲ) 'ਮੀਂਹ ਜਾਵੇ ਹਨੇਰੀ ਜਾਵੇਂ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

   (ਸ) 'ਇੰਦੂ ਸੋਚ ਰਹੀ ਸੀ' ਕਹਾਣੀ ਦੀ ਸਾਹਿਤਕ ਪੜਚੋਲ ਕਰੋ। 20×2=40